# जय माता दी होवे मंदिरां दे विच

ਜੈ ਮਾਤਾ ਦੀ ਹੋਵੇ ਮੰਦਿਰਾਂ ਦੇ ਵਿੱਚ

======================
ਛੂੰ ਛਾਂ, ਛਾਰਾ ਰਾਰਾ, ਹੋਵੇ,ਪਹਾੜਾਂ ਵਿੱਚ ॥
ਜੈ ਮਾਤਾ ਦੀ, ਜੈ ਮਾਤਾ ਦੀ, ਹੋਵੇ, ਮੰਦਿਰਾਂ ਦੇ ਵਿੱਚ ॥

ਮੇਹਰ ਕਰਕੇ, ਦਾਤੀ / ਮਈਆ ਨੇ, ਮੇਹਰ ਕਰਕੇ ॥
ਸਾਨੂੰ, ਤਾਰਿਆ ਦਾਤੀ ਨੇ, ਸਾਡੀ ਬਾਂਹ ਫੜ੍ਹ ਕੇ ।
ਚਿੰਤ, ਪੁਰਨੀ ਮਾਂ ਨੇ, ਤਾਰਿਆ ਹੈ, ਬਾਂਹ ਫੜ੍ਹ ਕੇ ।
ਸਾਨੂੰ, ਤਾਰਿਆ ਮਈਆ ਨੇ, ਸਾਡੀ ਬਾਂਹ ਫੜ੍ਹ ਕੇ ।

ਆਰ ਛੱਲੀਆਂ, ਪਾਰ ਛੱਲੀਆਂ ॥
ਮੈਂ ਤਾਂ, ਮਈਆ ਜੀ ਦੇ ਦਰਸ਼ਨ, ਪਾਉਣ ਚੱਲੀ ਆਂ ।
ਚਿੰਤ, ਪੁਰਨੀ ਮਾਂ ਦੇ ਦਰਸ਼ਨ, ਪਾਉਣ ਚੱਲੀ ਆਂ ।
ਨੈਣਾਂ, ਦੇਵੀ ਮਾਂ ਦੇ ਦਰਸ਼ਨ, ਪਾਉਣ ਚੱਲੀ ਆਂ ।

ਮੈਂ ਨੀ, ਡੋਲ੍ਹਦਾ, ਓ ਮਈਆ / ਦਾਤੀ, ਮੈਂ ਨੀ ਡੋਲ੍ਹਦਾ ॥
ਮੇਰਾ, ਮਈਆ ਦੇ, ਸਵਾਲੀਆਂ 'ਚ ਨਾਂਅ ਬੋਲਦਾ ।
ਚਿੰਤ, ਪੁਰਨੀ ਮਾਂ ਦੇ, ਭਗਤਾਂ 'ਚ, ਨਾਂਅ ਬੋਲਦਾ ।
ਨੈਣਾਂ, ਦੇਵੀ ਮਾਂ ਦੇ, ਭਗਤਾਂ 'ਚ, ਨਾਂਅ ਬੋਲਦਾ ।

ਲੋੜ੍ਹ ਕੋਈ ਨਾ, ਕਿਸੇ ਦੀ, ਲੋੜ੍ਹ ਕੋਈ ਨਾ ॥
ਸਾਡਾ, ਮਈਆ ਤੋਂ ਵਗੈਰ, ਏਥੇ ਹੋਰ ਕੋਈ ਨਾ ।
ਚਿੰਤ, ਪੁਰਨੀ ਤੋਂ ਵਗੈਰ, ਸਾਡਾ ਹੋਰ ਕੋਈ ਨਾ ।
ਨੈਣਾਂ, ਦੇਵੀ ਤੋਂ ਵਗੈਰ, ਸਾਡਾ ਹੋਰ ਕੋਈ ਨਾ ।

ਝੋਲੀ ਭਰ ਦੇ, ਓ ਮਈਆ / ਦਾਤੀ, ਝੋਲੀ ਭਰ ਦੇ ॥
ਅਸੀਂ, ਮਈਆ ਦੇ ਦਵਾਰੇ ਉੱਤੇ, ਆ ਗਏ ਚੜ੍ਹ ਕੇ ।
ਚਿੰਤ, ਪੁਰਨੀ ਮਾਂ ਦੇ ਦਰ ਉੱਤੇ, ਆ ਗਏ ਚੜ੍ਹ ਕੇ ।
ਨੈਣਾਂ, ਦੇਵੀ ਮਾਂ ਦੇ ਭਵਨਾਂ 'ਚ, ਆ ਗਏ ਚੜ੍ਹ ਕੇ ।

ਕੌਣ ਗੱਜ਼ਦਾ, ਓਹ ਵੇਖੋ, ਕੌਣ ਗੱਜ਼ਦਾ ॥
ਮੇਰੀ, ਮਈਆ ਦੇ ਦਵਾਰੇ ਉੱਤੇ, ਸ਼ੇਰ ਗੱਜ਼ਦਾ ।
ਵੈਸ਼ਣੋਂ, ਦੇਵੀ ਮਾਂ ਦੇ ਦਰ ਉੱਤੇ, ਸ਼ੇਰ ਗੱਜ਼ਦਾ ।
ਨੈਣਾਂ, ਦੇਵੀ ਮਾਂ ਦੇ ਭਵਨਾਂ 'ਚ, ਸ਼ੇਰ ਗੱਜ਼ਦਾ ।

ਚੰਗਾ, ਰਹਿ ਗਿਆ, ਸੋਹਣੀ, ਚੰਗਾ ਰਹਿ ਗਿਆ ॥
ਹੋ ਜੇਹੜਾ, ਮਈਆ ਦੇ ਦਵਾਰੇ ਉੱਤੇ, ਆ ਕੇ ਬਹਿ ਗਿਆ ।
ਚਿੰਤ, ਪੁਰਨੀ ਮਾਂ ਦੇ ਦਰ ਉੱਤੇ, ਆ ਕੇ ਬਹਿ ਗਿਆ ।
ਹੋ ਜੇਹੜਾ, ਮਈਆ ਜੀ ਦੇ ਭਵਨਾਂ 'ਚ, ਆ ਕੇ ਬਹਿ ਗਿਆ ॥

https://www.bhajanganga.com/bhajan/lyrics/id/33588/title/JAI-MATA-DI-HOVE-MANDIRAN-DE-VICH

अपने Android मोबाइल पर BhajanGanga App डाउनलोड करें और भजनों का आनंद ले |